Australian Government
Department of Social Services

# ਜਬਰਦਸਤੀ ਅਤੇ ਸਮੇਂ ਤੋਂ ਪਹਿਲਾਂ (ਅਗੇਤਾ) ਵਿਆਹ

## ਕਿਸੇ ਨੂੰ ਵਿਆਹ ਕਰਾਉਣ ਲਈ ਮਜਬੂਰ ਕਰਨਾ ਆਸਟ੍ਰੇਲੀਆ ਵਿੱਚ ਇੱਕ ਗੰਭੀਰ ਅਪਰਾਧ ਹੈ।

ਆਸਟ੍ਰੇਲੀਆ ਵਿੱਚ, ਲੋਕਾਂ ਨੂੰ ਇਹ ਚੁਣਨ ਦੀ ਅਜ਼ਾਦੀ ਹੈ ਕਿ ਵਿਆਹ ਕਰਨਾ ਹੈ ਜਾਂ ਨਹੀਂ ਅਤੇ ਉਹ ਕਿਸ ਨਾਲ ਕਰਨਾ ਚਾਹੁੰਦੇ ਹਨ। ਆਮ ਤੌਰ ਤੇ, ਕਾਨੂੰਨੀ ਵਿਆਹ ਲਈ, ਇੱਕ ਵਿਅਕਤੀ ਨੂੰ **18 ਸਾਲ** ਦੀ ਉਮਰ ਤੋਂ ਉੱਪਰ ਹੋਣਾ ਜਰੂਰੀ ਹੈ। ਕੁਝ ਹਾਲਾਤਾਂ ਵਿੱਚ, **16 ਸਾਲ** ਦੀ ਉਮਰ ਤੋਂ ਵੱਧ ਦਾ ਕੋਈ ਵਿਅਕਤੀ, 18 ਸਾਲ ਤੋਂ ਵੱਧ ਉਮਰ ਦੇ ਵਿਅਕਤੀ ਨਾਲ ਵਿਆਹ ਕਰਵਾ ਸਕਦਾ ਹੈ, ਪਰ ਇਸ ਲਈ ਅਦਾਲਤੀ ਹੁਕਮ ਦੀ ਲੋੜ ਹੁੰਦੀ ਹੈ।

ਮਜਬੂਰ ਕਰਕੇ, ਧਮਕਾ ਕੇ ਜਾਂ ਚਲਾਕੀ ਨਾਲ ਕਿਸੇ ਨਾਲ ਵਿਆਹ ਕਰਨਾ, ਆਸਟ੍ਰੇਲੀਅਨ ਕਾਨੂੰਨ ਦੇ ਵਿਰੁੱਧ ਹੈ।ਜੇਕਰ ਤੁਸੀਂ ਪੀੜਤ ਨਹੀਂ, ਤੁਹਾਡਾ ਜਬਰੀ ਵਿਆਹ ਨੂੰ ਉਤਸਾਹਿਤ ਕਰਨਾ ਜਾਂ ਹੋਣ ਦੇਣ ਵਿੱਚ ਮਦਦ ਕਰਨਾ ਅਤੇ ਜਬਰੀ ਵਿਆਹ ਵਿੱਚ ਧਿਰ ਬਣਨਾ ਵੀ ਕਾਨੂੰਨ ਦੇ ਵਿਰੁੱਧ ਹੈ।ਇਹ ਗੱਲ ਕਾਨੂੰਨੀ, ਸੱਭਿਆਚਾਰਕ ਅਤੇ ਧਾਰਮਿਕ ਵਿਆਹਾਂ ਤੇ ਵੀ ਲਾਗੂ ਹੁੰਦੀ ਹੈ।

ਵਿਉਂਤਬੱਧ ਵਿਆਹ ਵਿੱਚ, ਜਿੱਥੇ ਦੋਵੇਂ ਧਿਰਾਂ ਵਿਆਹ ਲਈ ਖੁਲ੍ਹੀ ਸਹਿਮਤੀ ਦਿੰਦੀਆਂ ਹਨ, ਉਹ ਜਬਰੀ ਵਿਆਹ ਤੋਂ ਅਲੱਗ ਹੈ।ਵਿਉਂਤਬੱਧ ਵਿਆਹਾਂ ਨੂੰ ਆਸਟ੍ਰੇਲੀਆ ਵਿੱਚ ਕਾਨੂੰਨੀ ਪ੍ਰਵਾਨਗੀ ਹੈ।

ਜੇ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਖਤਰੇ ਵਿੱਚ ਹੈ, ਤਾਂ ਪੁਲਿਸ ਨੂੰ **000** 'ਤੇ ਕੱਾਲ ਕਰੋ।

ਅੱਸਟ੍ਰੇਲੀਆ ਵਿੱਚ ਪੁਲਿਸ ਸੁਰੱਖਿਅਤ ਹੈ ਅਤੇ ਤੁਸੀਂ ਉਸ 'ਤੇ ਵਿਸ਼ਵਾਸ ਕਰ ਸਕਦੇ ਹੋ।

ਜੇ ਤੁਹਾਨੂੰ ਮੁਫ਼ਤ ਦੁਭਾਸ਼ੀਏ (interpreter) ਦੀ ਜ਼ਰੂਰਤ ਹੈ, ਤਾਂ **131 450** 'ਤੇ ਕੱਾਲ ਕਰੋ।

## ਜ਼ਬਰਦਸਤੀ ਵਿਆਹ ਲਈ ਕਿਸੇ ਨੂੰ ਦੂਜੇ ਮੁਲਕ ਲੈ ਕੇ ਜਾਣਾ ਜਾਂ ਭੇਜਣਾ ਜਾਂ ਕਿਸੇ ਦੇ ਰਾਹੀਂ ਪ੍ਰਬੰਧ ਕਰਵਾਉਣਾ ਗੈਰ-ਕਨੂੰਨੀ ਹੈ।

ਕਈ ਵਾਰੀ ਲੋਕਾਂ ਨੂੰ ਉਹਨਾਂ ਦੀ ਮਰਜ਼ੀ ਦੇ ਵਿਰੁੱਧ ਵਿਦੇਸ਼ ਲਿਜਾਇਆ ਜਾਂਦਾ ਹੈ ਜਾਂ ਵਿਆਹ ਲਈ ਮਜ਼ਬੂਰ ਕਰਨ ਲਈ ਧੋਖੇ ਨਾਲ ਵਿਦੇਸ਼ ਲਿਜਾਇਆ ਜਾਂਦਾ ਹੈ।ਇਹ ਕਾਨੂੰਨ ਦੇ ਵਿਰੁੱਧ ਹੈ ਅਤੇ ਸਿੱਟੇ ਵਜੋਂ ਕੈਦ ਹੋ ਸਕਦੀ ਹੈ

## ਕੀ ਤੁਸੀਂ, ਜਾਂ ਅਜਿਹਾ ਵਿਅਕਤੀ ਜਿਸ ਨੂੰ ਤੁਸੀਂ ਜਾਣਦੇ ਹੋ, ਸੰਕਟ ਵਿੱਚ ਹੈ?

ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਜਾਣਕਾਰ ਨੂੰ ਜਬਰੀ ਜਾਂ ਅਗੇਤੇ/ਜਲਦੀ ਵਿਆਹ ਦਾ ਖਤਰਾ ਹੈ ਤਾਂ ਤੁਸੀਂ ਮਦਦ ਲਈ **131 237** (131AFP) ਤੇ ਆਸਟ੍ਰੇਲੀਅਨ ਫੈਡ੍ਰਲ ਪੁਲੀਸ ਨਾਲ ਸੰਪਰਕ ਕਰ ਸਕਦੇ ਹੋ।

AFP ਤੁਹਾਨੂੰ ਸੁਰੱਖਿਅਤ ਰੱਖ ਸਕਦੀ ਹੈ, ਮੁੱਢਲੀ ਨਸੀਹਤ ਦੇ ਸਕਦੀ ਹੈ ਅਤੇ ਹੋਰ ਸਹਿਯੋਗੀ ਸੇਵਾਵਾਂ ਦੀ ਦੱਸ ਪਾ ਸਕਦੀ ਹੈ ਜਿਵੇਂ ਰਿਹਾਇਸ਼, ਵਿੱਤੀ ਮਦਦ, ਮਸ਼ਵਰਾ ਅਤੇ ਕਾਨੂੰਨੀ ਤੇ ਪ੍ਰਵਾਸ(ਇੰਮੀਗ੍ਰੇਸ਼ਨ) ਸਬੰਧੀ ਸਲਾਹ।ਵਧੇਰੇ ਜਾਣਕਾਰੀ, **www.afp.gov.au** ਤੇ, **AFP** ਵੈਬਸਾਈਟ ਤੇ ਮੌਜੂਦ ਹੈ।

## ਆਸਟ੍ਰੇਲੀਆ ਵਿੱਚ ਹੋਰ ਵੀ ਸੇਵਾਵਾਂ ਹਨ ਜੋ ਮਦਦ ਕਰ ਸਕਦੀਆਂ ਹਨ।

**My Blue Sky** ਆਸਟ੍ਰੇਲੀਆ ਦੀ ਰਾਸ਼ਟਰੀ ਵੈਬਸਾਈਟ ਅਤੇ ਹੈਲਪਲਾਈਨ ਹੈ ਜੋ ਜਬਰੀ ਵਿਆਹ ਦੀ ਰੋਕਥਾਮ, ਜਾਣਕਾਰੀ, ਹੋਰ ਸੇਵਾਵਾਂ ਦੀ ਦੱਸ ਪਾਉਣ ਅਤੇ ਮੁਫਤ ਕਾਨੂੰਨੀ ਸਲਾਹ ਨੂੰ ਸਮਰਪਤ ਹੈ।

**(02) 9514 8115** ਤੇ ਗੱਲ ਕਰੋ, **0481 070 844** ਤੇ ਟੈਕਸਟ ਸੁਨੇਹਾ ਭੇਜੋ, ਜਾਂ **help@mybluesky.org.au** ਤੇ ਈਮੇਲ ਕਰੋ ਜਾਂ **www.mybluesky.org.au** ਤੇ **My Blue Sky** ਦੀ ਵੈਬਸਾਈਟ ਤੇ ਜਾਉ।

**1800RESPECT**, ਜਿਨਸੀ ਹਮਲੇ, ਪਰਿਵਾਰਕ ਤੇ ਘਰੇਲੂ ਹਿੰਸਾ ਸਬੰਧਤ, ਆਸਟ੍ਰੇਲੀਆ ਦੀ ਰਾਸ਼ਟਰੀ ਸਲਾਹਕਾਰੀ ਸੇਵਾ, ਹੈ।ਇਹ ਮੁਫਤ ਅਤੇ ਗੁਪਤ, ਟੈਲੀਫੋਨ ਅਤੇ ਆੱਨਲਾਈਨ, ਸਲਾਹ ਸਹਿਯੋਗ ਤੇ ਜਾਣਕਾਰੀ ਪ੍ਰਦਾਨ ਕਰਦੀ ਹੈ।ਸਲਾਹਕਾਰ ਤੁਹਾਨੂੰ ਸੁਣਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਤੁਹਾਡੇ ਇਲਾਕੇ ਦੀਆਂ ਹੋਰ ਸਹਾਰਾ ਸੇਵਾਵਾਂ ਦੀ ਦੱਸ ਪਾਉਂਦੇ ਹਨ।

**1800 737 732** ਤੇ ਫੋਨ ਕਰੋ ਜਾਂ **www.1800RESPECT.org.au** ਤੇ, **1800RESPECT** ਦੀ ਵੈਬਸਾਈਟ ਤੇ ਜਾਉ।

## ਕੀ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ?

**131 450** ਤੇ **ਅਨੁਵਾਦ ਕਰਨ ਅਤੇ ਦੁਭਾਸ਼ੀਆ ਸੇਵਾ** (**Translating and Interpreting Service** (TIS)) ਨੂੰ ਫੋਨ ਕਰੋ। TIS ਦਾ ਇੱਕ ਦੁਭਾਸ਼ੀਆ ਤੁਹਾਨੂੰ ਲੋੜੀਂਦੀਆਂ ਸੇਵਾਵਾਂ ਨਾਲ ਗੱਲ ਕਰਾਉਣ ਵਿੱਚ ਮਦਦ ਕਰੇਗਾ, ਪਰ TIS ਸਲਾਹ ਮਸ਼ਵਰਾ ਨਹੀਂ ਦਿੰਦੀ। ਸਾਰੀਆਂ ਕਾਲਾਂ ਮੁਫਤ ਤੇ ਗੁਪਤ ਹੁੰਦੀਆਂ ਹਨ।

## ਜਬਰਦਸਤੀ ਵਿਆਹ ਸਬੰਧੀ ਹੋਰ ਜਾਣਕਾਰੀ ਲਈ:

ਗ੍ਰਹਿ ਵਿਭਾਗ (**Department of Home Affairs**) ਦੀ ਵੈਬਸਾਈਟ ਵੇਖੋ ਅਤੇ **www.homeaffairs.gov.au** ਤੇ “forced marriage” ਢੂੰਡੋ।